रोल नं0 | | | | | | | | |

मुद्रित पृष्ठों की संख्या : 4

**205 (HUC)**

**2019**

# ਪੰਜਾਬੀ
# (पंजाबी)

समय : 3 घण्टे ।

। पूर्णांक : 100

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਦੇਣੇ ਜ਼ਰੂਰੀ ਹਨ।

## ਭਾਗ-ਓ
## (अंक-50)

1 (ਓ) (I) 'ਸਵੈ' - ਅਗੇਤਰ ਵਾਲੇ ਦੋ ਸ਼ਬਦ ਲਿਖੋ।
(II) 'ਗਾਰ' - ਪਿਛੇਤਰ ਵਾਲੇ ਦੋ ਸ਼ਬਦ ਲਿਖੋ।
(III) 'ਮਾਸ ਖਾਣ ਵਾਲਾ' - ਦਾ ਸਮਾਸੀ ਸ਼ਬਦ ਬਣਾਓ। 3x1=3

(ਅ) ਹੇਠ ਲਿਖੇ ਵਾਕ ਦੀ ਵਾਕ ਵੰਡ ਕਰੋ :-
ਨਾਨਕ ਸਿੰਘ ਇੱਕ ਚੰਗਾ ਨਾਵਲਕਾਰ ਸੀ। 3

(ਏ) (I) ਹੇਠ ਲਿਖੇ ਸ਼ਬਦਾਂ ਨੂੰ ਸ਼ੁਧ ਕਰਕੇ ਲਿਖੋ :- 2
ਬੈਹਤ, ਅਕੱਲਾ, ਅਨਪੜ, ਸ਼ੈਹਰ
(II) ਹੇਠ ਲਿਖੇ ਵਾਕ ਨੂੰ ਸ਼ੁਧ ਕਰਕੇ ਲਿਖੋ :- 1
ਵਿਦਿਆਰਥੀ ਪੜ੍ਹ ਰਹੀਆਂ ਹਨ।

(ਸ) ਹੇਠ ਲਿਖੇ ਵਾਕ ਨੂੰ ਵਿਸਰਾਮ - ਚਿੰਨ੍ਹ ਲਗਾ ਕੇ ਲਿਖੋ :- 3
ਅਧਿਆਪਕ ਨੇ ਕਿਹਾ ਸਦਾ ਸੱਚ ਬੋਲਿਆ ਕਰੋ

(ਹ) ਹੇਠ ਲਿਖੇ ਵਾਕਾਂ ਨੂੰ ਸਾਹਮਣੇ ਲਿਖੇ ਅਨੁਸਾਰ ਬਦਲੋ :- 1+1+1+=3
(I) ਸੁਰਿੰਦਰ ਘਰ ਨਹੀਂ ਹੈ। (ਹਾਂ-ਵਾਚਕ ਵਾਕ)
(II) ਕੀ ਉਹ ਸੱਚ ਬੋਲਣ ਤੋਂ ਨਹੀਂ ਡਰਦਾ?
(ਸਰਲ ਵਾਕ)
(III) ਆਪਣਾ ਦੇਸ਼ ਹਰ ਇੱਕ ਨੂੰ ਪਿਆਰਾ ਹੁੰਦਾ ਹੈ।
(ਪ੍ਰਸ਼ਨ - ਵਾਚਕ)

2 (ਓ) ਹੇਠ ਲਿਖੇ ਮੁਹਾਵਰਿਆਂ ਵਿਚੋਂ ਕਿਸੇ ਤਿੰਨ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪੱਸ਼ਟ ਕਰੋ :- 3
ਸਰ ਕਰਨਾ, ਹੱਥ ਪੈਰ ਮਾਰਨੇ,
ਆਈ ਚਲਾਈ ਕਰਨੀ, ਨੱਕਵਿੱਚ ਦਮ ਕਰਨਾ



[P.T.O.

(ਅ) ਹੇਠ ਲਿਖੇ ਅਖਾਣ ਕਿਹੜੇ ਵਿਸ਼ੇਸ਼ ਮੌਕਿਆਂ ਤੇ ਵਰਤੇ ਜਾਂਦੇ ਹਨ :- 2

(I) ਇੱਕ ਚੁੱਪ ਸੌ ਸੁੱਖ,

(II) ਹਾਥੀ ਦੇ ਦੰਦ ਖਾਣ ਦੇ ਹੋਰ, ਦਿਖਾਉਣ ਦੇ ਹੋਰ।

3- ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਲਗਭਗ 300 ਸ਼ਬਦਾਂ 'ਚ ਨਿਬੰਧ ਲਿਖੋ :- 12

(ੳ) ਵਿਦਿਆਰਥੀ ਜੀਵਨ ਵਿੱਚ ਖੇਡਾਂ ਦਾ ਮਹੱਤਵ

(ਅ) ਮੇਰਾ ਮਨ-ਪਸੰਦ ਲੇਖਕ

(ਏ) ਅੱਖੀਂ ਡਿੱਠਾ ਮੇਲਾ

(ਸ) ਬੇ-ਰੁਜ਼ਗਾਰੀ ਦੀ ਸਮੱਸਿਆ

(ਹ) ਇਸਤਰੀ ਵਿਦਿਆ ਦਾ ਮਹੱਤਵ।

4- ਆਪਣੇ ਚਾਚਾ ਜੀ ਨੂੰ ਇੱਕ ਚਿੱਠੀ ਲਿਖੋ ਜਿਸ ਵਿੱਚ ਉਨ੍ਹਾਂ ਵੱਲੋਂ ਤੁਹਾਡੇ ਜਨਮ ਦਿਨ ਤੇ ਭੇਜੀ ਹੋਈ ਘੜੀ ਲਈ ਧੰਨਵਾਦ ਕਰੋ। 8

ਜਾਂ

ਆਪਣੇ ਮਿੱਤਰ ਨੂੰ ਚਿੱਠੀ ਲਿਖੋ ਅਤੇ ਦੱਸੋ ਕਿ ਉਹ ਗਰਮੀਆਂ ਦੀਆਂ ਛੁੱਟੀਆਂ ਵਿੱਚ ਕਿਥੇ ਘੁੰਮਣ ਜਾ ਰਿਹਾ ਹੈ।

5- ਹੇਠ ਲਿਖੇ ਪੈਰੇ ਨੂੰ ਸੰਖੇਪ ਕਰਕੇ ਲਿਖੋ ਅਤੇ ਇਸ ਦਾ ਢੁੱਕਵਾਂ ਸਿਰਲੇਖ ਵੀ ਦਿਓ :- 8+2

ਕੰਮ ਦੀ ਚੋਣ ਜ਼ਿੰਦਗੀ ਦੇ ਪਹਿਲੇ ਇੱਕ ਜਾਂ ਦੋ ਫੈਸਲਿਆਂ ਵਿੱਚੋਂ ਹੈ। ਹਜ਼ਾਰਾਂ ਜ਼ਿੰਦਗੀਆਂ ਗਲਤ ਚੋਣ ਕਰਕੇ ਜੀਵਨ ਭਰ ਦੁੱਖੀ ਰਹਿੰਦੀਆਂ ਹਨ। ਇੱਕ ਕਾਰੀਗਰ ਨੂੰ ਜੇ ਆਪਣੇ ਕੰਮ ਵਿੱਚ ਰਜ਼ੀ ਤੋਂ ਛੁੱਟ ਇੱਕ ਆਨੰਦ ਜਿਹਾ ਪ੍ਰਾਪਤ ਨਹੀਂ ਹੁੰਦਾ ਤਾਂ ਨਾ ਤਾਂ ਉਹ ਉਸ ਕੰਮ ਨਾਲ ਇਨਸਾਫ਼ ਕਰਦਾ ਹੈ ਅਤੇ ਨਾ ਹੀ ਕਦੀ ਉਹ ਆਪ ਖੁਸ਼ ਰਹਿ ਸਕਦਾ ਹੈ। ਜ਼ਿੰਦਗੀ ਵਿਚ ਸਫ਼ਲਤਾ, ਗੁਜ਼ਾਰੇ ਨਾਲੋਂ ਥੋੜੇ ਦੀ ਲੋੜ ਵਧੇਰੇ ਹੁੰਦੀ ਹੈ। ਮਨਪਸੰਦ ਕੰਮ ਦੀ ਚੋਣ ਹੀ ਮਨੁੱਖ ਦੀ ਸਫ਼ਲਤਾ ਦਾ ਆਧਾਰ ਹੈ।

## ਭਾਗ - ਅ
(ਅੰਕ-50)

6- ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਆਪਣੀ ਪਾਠ-ਪੁਸਤਕ ਦੇ ਆਧਾਰ ਤੇ ਇੱਕ-ਇੱਕ ਵਾਕ ਵਿੱਚ ਦਿਓ :- 1×8=8

(I) ਗੁਰੂ ਅਰਜਨ ਦੇਵ ਜੀ ਦੇ ਮਨ ਦੀ ਇੱਛਾ ਕੀ ਹੈ?

(II) 'ਤੂ ਠਾਕੁਰੁ' - ਨਾਮ ਦੀ ਰਚਨਾ ਵਿੱਚ 'ਠਾਕੁਰੁ' ਅਤੇ 'ਬਾਰਿਕ' ਕਿਸ-ਕਿਸ ਦੇ ਪ੍ਰਤੀਕ ਹਨ?

(III) ਪ੍ਰੋ: ਪੂਰਨ ਸਿੰਘ ਦੀ ਕਵਿਤਾ 'ਜਵਾਨ ਪੰਜਾਬ ਦੇ' ਅਨੁਸਾਰ ਪੰਜਾਬ ਦੇ ਜਵਾਨਾਂ ਨੂੰ ਵੱਸ ਵਿੱਚ ਕਿਵੇਂ ਕੀਤਾ ਜਾ ਸਕਦਾ ਹੈ?

(IV) ਡਾ0 ਬਲਬੀਰ ਸਿੰਘ ਦੇ ਨਿਬੰਧ ਪ੍ਰਾਰਥਨਾ ਅਨੁਸਾਰ ਹਉਂ ਨੂੰ ਮਾਰ ਕੇ ਅਰਦਾਸ ਕਰਨ ਨਾਲ ਕੀ ਸੁੱਖ ਮਿਲਦਾ ਹੈ?

(V) ਪੰਜਾ ਸਾਹਿਬ ਦੇ ਲੋਕਾਂ ਨੇ ਗੱਡੀ ਨੂੰ ਕਿਉਂ ਰੋਕਿਆ ਸੀ?

(VI) 'ਕਸਤੂਰੀ ਵਾਲਾ ਮਿਰਗ' ਕਹਾਣੀ ਵਿੱਚ ਕਿਸ ਨੂੰ ਕਸਤੂਰੀ ਵਾਲਾ ਮਿਰਗ ਕਿਹਾ ਗਿਆ ਹੈ?

(VII) ਟਾਲਸਟਾਏ ਦਾ ਬਚਪਨ ਕਿਸ ਤਰ੍ਹਾਂ ਗੁਜ਼ਰਿਆ ਸੀ?

(VIII) 'ਕਾਮਾਗਾਟਾ ਮਾਰੂ' ਸ਼ਬਦ ਬਾਬਾ ਗੁਰਦਿੱਤ ਸਿੰਘ ਦੇ ਨਾਂ ਦਾ ਹਿੱਸਾ ਕਿਵੇਂ ਬਣ ਗਿਆ ਸੀ?

7- ਆਪਣੀ ਪਾਠ-ਪੁਸਤਕ ਦੇ ਆਧਾਰ 'ਤੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ : 2x9=18

(I) 'ਅਗਲੇ ਜ਼ਮਾਨੇ' ਦੇ ਆਧਾਰ ਉੱਤੇ ਦੱਸੋ ਕਿ ਪ੍ਰਿੰਸੀਪਲ ਤੇਜਾ ਸਿੰਘ ਨੇ ਸਮਾਜਕ ਨਾ-ਬਰਾਬਰੀ ਖਤਮ ਕਰਨ ਲਈ ਕੀ ਯਤਨ ਕੀਤੇ?

(II) ਗਿਆਨੀ ਗੁਰਦਿੱਤ ਸਿੰਘ ਦੀ ਰਚਨਾ 'ਮੇਰੇ ਵੱਡੇ ਵਡੇਰੇ' ਦੇ ਆਧਾਰ 'ਤੇ ਦੱਸੋ ਕਿ ਪੁਰਾਣੇ ਪੰਜਾਬ ਦੇ ਲੋਕਾਂ ਅਤੇ ਅੱਜ ਦੇ ਲੋਕਾਂ ਵਿੱਚ ਤੁਸੀਂ ਕੀ ਫ਼ਰਕ ਮਹਿਸੂਸ ਕਰਦੇ ਹੋ?

(III) ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਅਹਿਦਨਾਮਾ' ਅਨੁਸਾਰ ਅਮਨ ਨਾ ਹੋਣ ਕਰਕੇ ਲੋਕਾਂ ਵਿੱਚ ਕਿਸ ਤਰ੍ਹਾਂ ਦੀ ਭਾਵਨਾ ਪੈਦਾ ਹੋ ਚੱਕੀ ਹੈ?

(IV) ਜੀਤੀ ਨੇ ਆਪਣੀ ਦਾਦੀ ਦੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਆਪਣੇ ਪਿਤਾ ਨੂੰ ਚਿੱਠੀ ਕਿਉਂ ਨਹੀਂ ਸੀ ਲਿਖੀ?

(V) ਚੌਕੀ ਇੰਚਾਰਜ ਮੁਖ਼ਤਿਆਰ ਸਿੰਘ ਅਸਲ ਵਿੱਚ ਕਿਹੜੀ ਗਸ਼ਤ ਉੱਤੇ ਨਿਕਲਦਾ ਹੈ?

(VI) ਧਰਮ ਬਾਰੇ ਟਾਲਸਟਾਏ ਦੇ ਕੀ ਵਿਚਾਰ ਸਨ?

(VII) ਪੰਜਾਬੀ ਕਿਸਾਨ ਕੈਨੇਡਾ ਕਿਉਂ ਜਾਣਾ ਚਾਹੁੰਦੇ ਸਨ?

(VIII) ਨੌਵੇਂ ਗੁਰੂ ਜੀ ਦਾ ਨਾਂ ਤਿਆਗ ਮੱਲ਼ ਤੋਂ ਤੇਗ਼ ਬਹਾਦਰ ਕਿਵੇਂ ਪਿਆ?

(IX) ਕਸ਼ਮੀਰੀ ਪੰਡਿਤ ਗੁਰੂ ਜੀ ਕੋਲ ਕੀ ਫ਼ਰਿਆਦ ਲੈ ਕੇ ਗਏ ਅਤੇ ਕਿਉਂ?

8- ''ਦੁਸ਼ਮਣ ਵਰਗੇ ਦੁਸ਼ਮਣ ! ਜਿਹੜੇ ਖੁਰਾਕ ਵਿੱਚ ਮਿਲਾਵਟਾਂ ਕਰ ਕੇ ਲੋਕਾਂ ਦੀਆਂ ਜਾਨਾਂ ਖਤਰੇ ਵਿਚ ਪਾ ਦੇਣ, ਉਨ੍ਹਾਂ ਤੋਂ ਵੱਧ ਕੇ ਹੋਰ ਕੌਣ ਦੁਸ਼ਮਣ ਹੋ ਸਕਦਾ ਏ !'' ਰਘੂਨਾਥ ਦੁਆਰਾ ਕਹੀਆਂ ਗਈਆਂ ਇਹ ਗੱਲਾਂ ਉਸ ਤੇ ਆਪਣੇ ਉੱਤੇ ਕਿੰਨੀਆਂ ਕੁ ਢੁੱਕਦੀਆਂ ਹਨ? ਆਪਣੇ ਸ਼ਬਦਾਂ ਵਿੱਚ ਸੰਖੇਪ ਉੱਤਰ ਦਿਓ। 5

ਜਾਂ

'ਕੋਊ ਨਾ ਨਿਬਹਿਉ ਸਾਥਿ' ਇਕਾਂਗੀ ਵਿਚ ਕਿਸ ਤਰ੍ਹਾਂ ਦੇ ਸਮਾਜਿਕ ਵਰਤਾਰੇ ਬਾਰੇ ਦੱਸਿਆ ?

9- ਅੰਗਰੇਜ਼ੀ ਰਾਜ ਦੀ ਆਰਥਕਤਾ ਨੂੰ ਢਾਹ ਲਾਉਣ ਲਈ 'ਕੂਕਾ ਲਹਿਰ' ਨੇ ਕਿਹੜਾ ਢੰਗ ਅਪਣਾਇਆ ਸੀ? 5

ਜਾਂ

'ਡਾ0 ਰਾਧਾ ਕ੍ਰਿਸ਼ਨਨ' ਜੀ ਦਾ ਜੀਵਨ ਬਿਰਤਾਂਤ ਤੇ ਦੂਸਰੇ ਧਰਮਾਂ ਬਾਰੇ ਦ੍ਰਿਸ਼ਟੀਕੋਣ ਬਾਰੇ ਦੱਸੋ।

10- ਹੇਠ ਲਿਖੇ ਪੈਰੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ :-

''ਬੱਸ ਪੁੱਤਰਾ, ਤੂੰ ਦਾਦੀ ਨੂੰ ਬਹੁਤਾ ਨਾ ਯਾਦ ਕਰਿਆ ਕਰ। ਹੁਣ ਕਿਹੜਾ ਉਸ ਨੇ ਮੁੜ ਆਉਣਾ ਏ।'' ਉਹਦਾ ਪਿਓ ਵਿਚੋਂ ਟੋਕ ਕੇ ਆਖਦਾ। ਉਹ ਚੁੱਪ ਕਰ ਜਾਂਦੀ ਤੇ ਸੋਚਦੀ, ''ਮੈਂ ਕਿਵੇਂ ਦੱਸਾ ਕਿ ਦਾਦੀ ..... ਅੱਗੋਂ ਉਸ ਨੂੰ ਲਫ਼ਜ਼ ਨਾ ਔਹੜਦੇ ਤੇ ਉਹ ਰੋ ਰੋ ਕੇ ਆਖਦੀ, 'ਦਾਦੀ ਤੂੰ ਕਿਉਂ ਮਰ ਗਈ ..... ਤੂੰ ਕਿਉਂ ਮੈਨੂੰ ਖਤ ਲਿਖਣ ਨੂੰ ਕਿਹਾ ਸੀ?''

(I) ਇਹ ਪੈਰਾ ਕਿਸ ਕਹਾਣੀ ਵਿੱਚੋਂ ਲਿਆ ਗਿਆ ਹੈ? 1

(II) ਇਸ ਕਹਾਣੀ ਦਾ ਲੇਖਕ ਕੌਣ ਹੈ? 1

(III) ਜੀਤੀ ਇਹ ਕਿਉਂ ਆਖਦੀ ਹੈ ਕਿ ਦਾਦੀ ਤੂੰ ਕਿਉਂ ਮਰ ਗਈ? 1

(IV) ਜੀਤੀ ਦੇ ਮਨ ਉੱਤੇ ਕਿਸ ਗੱਲ ਦਾ ਭਾਰ ਸੀ? 1

11- ਹੇਠ ਲਿਖੀਆਂ ਕਾਵਿ-ਸਤਰਾਂ ਦੇ ਆਧਾਰ ਤੇ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ :-

(ੳ) ਦਿਲਹੁ ਮੁਹਬਤਿ ਜਿੰਨ ਸੇਈ ਸੱਚਿਆ।।

ਜਿਨ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ।।

ਰਤੇ ਇਸ਼ਕ ਖੁਦਾਇ ਰੰਗ ਦੀਦਾਰ ਕੇ।।

ਵਿਸਰਿਆ ਜਿਨ ਨਾਮੁ ਤੇ ਭੁਇ ਭਾਰੁ ਥੀਏ।।

(I) ਇਹ ਕਾਵਿ-ਸੱਤਰਾਂ ਕਿਸ਼ ਦੀ ਰਚਨਾ ਹੈ ਅਤੇ ਕਿਸ ਪਾਠ ਪੁਸਤਕ ਵਿਚੋਂ ਲਈਆਂ ਗਈਆਂ ਹਨ? 2

(II) ਸੱਚੇ ਅਤੇ ਕੱਚੇ ਮਨੁੱਖ ਵਿੱਚ ਕੀ ਫ਼ਰਕ ਹੈ? 2

(III) ਕਿਹੜੇ ਮਨੁੱਖ ਧਰਤੀ ਉੱਤੇ ਭਾਰ ਹਨ? 1

(ਅ) ਅਮਨ ਦਾ ਇਹ ਅਹਿਦਨਾਮਾ,
ਆਓ ਦੁਨੀਆਂ ਵਾਲਿਓ ਦਸਖ਼ਤ ਕਰੋ !
ਕਾਗਜ਼ ਹੈ ਇਹ ਤਕਦੀਰ ਦਾ, ਤੇ ਕਲਮ ਹੈ ਤਕਬੀਰ ਦੀ,
ਅੱਜ ਕਲੂਮ ਦੇ ਵਿਚ ਅਮਲ ਦੀ ਸਿਆਹੀ ਭਰੋ !
ਦਸਖ਼ਤ ਕਰੋ !

(I) ਇਹ ਕਾਵਿ-ਸਤਰਾਂ ਕਿਸ ਦੀ ਰਚਨਾ ਹੈ ਅਤੇ ਕਿਸ ਕਵਿਤਾ ਵਿੱਚੋਂ ਲਈਆਂ ਗਈਆਂ ਹਨ? 2

(II) ਦੁਨੀਆਂ ਵਾਲਿਆਂ ਨੂੰ ਕਿਸ ਅਹਿਦਨਾਮੇ ਤੇ ਦਸਖ਼ਤ ਕਰਨ ਦਾ ਸੱਦਾ ਦਿੱਤਾ ਗਿਆ ਹੈ? 2

(III) ਇਹਨਾਂ ਕਾਵਿ-ਸਤਰਾਂ ਵਿੱਚ ਕੀ ਸੰਦੇਸ਼ ਦਿੱਤਾ ਹੈ? 1

*****